# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times — 21 ਅਪ੍ਰੈਲ 2024 ਦਿਨ ਐਤਵਾਰ — ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸਰਕਾਰੀ ਹਾਈ ਸਕੂਲ ਔਲਖ ਅਤੇ ਦੇਵੀ ਵਾਲਾ ਦੇ ਦਸਵੀਂ ਜਮਾਤ ਦੇ ਸਲਾਨਾ ਨਤੀਜੇ ਸ਼ਾਨਦਾਰ ਰਹੇ

ਵਰਲਡ ਪੰਜਾਬੀ ਟਾਈਮਜ਼ — ਧਰਮ ਪ੍ਰਵਾਨਾਂ

ਫਰੀਦਕੋਟ ,21 ਅਪ੍ਰੈਲ : ਇਥੋਂ ਥੋੜੀ ਦੂਰ ਸਰਕਾਰੀ ਹਾਈ ਸਕੂਲ ਔਲਖ ਦੇ ਮੁੱਖ ਅਧਿਆਪਕ ਜਗਜੀਵਨ ਸਿੰਘ ਨੇ ਦੱਸਿਆ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪਿਛਲੇ ਦਿਨੀ ਦਸਵੀਂ ਜਮਾਤ ਦੇ ਐਲਾਨ ਕੀਤੇ ਗਏ ਸਲਾਨਾ ਨਤੀਜਿਆਂ ਵਿੱਚ ਸਕੂਲ ਦਾ ਨਤੀਜਾ 100 ਫੀਸਦੀ ਤੇ ਸ਼ਾਨਦਾਰ ਰਿਹਾ ਹੈ। ਇਸ ਪ੍ਰੀਖਿਆ ਵਿੱਚ ਸਕੂਲ ਦੇ 73 ਵਿਦਿਆਰਥੀ ਬੈਠੇ ਜੋ ਸਾਰੇ ਹੀ ਪਾਸ ਹੋ ਗਏ ਹਨ । ਉਹਨਾਂ ਅੱਗੇ ਦੱਸਿਆ ਕਿ ਸਕੂਲ ਦੀ ਵਿਦਿਆਰਥਣ ਜਸ਼ਨਪ੍ਰੀਤ ਕੌਰ ਪੁੱਤਰੀ ਪ੍ਰਕਾਸ਼



ਸਿੰਘ ਨੇ 92ਫੀਸਦੀ ਨੰਬਰ ਲੈਕੇ ਪਹਿਲਾ ਸਥਾਨ, ਜੈਸਮੀਨ ਕੌਰ ਪੁੱਤਰੀ ਸੁਖਚੈਨ ਸਿੰਘ ਨੇ 91.69ਫੀਸਦੀ ਨੰਬਰ ਲੈਕੇ ਦੂਜਾ ਸਥਾਨ ਅਤੇ ਇਸੇ ਤਰ੍ਹਾਂ ਲਵਪ੍ਰੀਤ ਕੌਰ ਪੁੱਤਰੀ ਬੇਅੰਤ ਸਿੰਘ ਨੇ 90 ਫੀਸਦੀ ਨੰਬਰ ਲੈਕੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਇਸ ਤੋਂ ਇਲਾਵਾ ਸਕੂਲ ਦੇ 13 ਵਿਦਿਆਰਥੀਆਂ ਨੇ 80 ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕਰਕੇ ਆਪਣਾ ਤੇ ਸਕੂਲ ਦਾ ਨਾਂ ਰੌਸ਼ਨ ਕੀਤਾ ਹੈ।

ਇਸੇ ਤਰਾਂ ਸਰਕਾਰੀ ਹਾਈ ਸਕੂਲ ਦੇਵੀ ਵਾਲਾ ਦੇ ਮੁੱਖ ਅਧਿਆਪਕਾ ਮੈਡਮ ਸਰਬਜੀਤ ਕੌਰ ਨੇ ਦੱਸਿਆ ਹੈ ਕਿ ਸਕੂਲ ਦਾ ਦਸਵੀਂ ਜਮਾਤ ਦਾ ਸਲਾਨਾ ਨਤੀਜਾ 100 ਫੀਸਦੀ ਤੇ ਬਹੁਤ ਵਧੀਆ ਰਿਹਾ ਹੈ । ਇਸ ਪ੍ਰੀਖਿਆ ਵਿੱਚ ਸਕੂਲ ਦੇ 34 ਵਿਦਿਆਰਥੀਆਂ ਨੇ ਭਾਗ ਲਿਆ । ਸਾਰੇ ਵਿਦਿਆਰਥੀ ਹੀ ਪਾਸ ਹੋਏ ਹਨ। ਸਕੂਲ ਦੀ ਵਿਦਿਆਰਥਣ ਲਛਮੀ ਪੁੱਤਰੀ ਰਾਮ ਦਿਆਲ ਨੇ 78.7 ਫੀਸਦੀ ਨੰਬਰ ਲੈ ਕੇ ਪਹਿਲਾ ਸਥਾਨ, ਪ੍ਰਭਨੂਰ ਕੌਰ ਪੁੱਤਰੀ ਸੀਰਾ ਸਿੰਘ ਨੇ 77.8ਫੀਸਦੀ ਨੰਬਰ ਲੈ ਕੇ ਦੂਜਾ ਸਥਾਨ ਅਤੇ ਪੂਜਾ ਕੌਰ ਪੁੱਤਰੀ ਪ੍ਰੀਤ ਸਿੰਘ ਨੇ 76.2 ਫੀਸਦੀ ਨੰਬਰ ਲੈ ਕੇ ਤੀਜਾ ਸਥਾਨ, ਸਿਮਰਨਜੀਤ ਕੌਰ ਪੁੱਤਰੀ ਜਗਰੂਪ ਸਿੰਘ ਸੀ ਡਬਲਯੂ ਐਸ ਐਨ ਨੇ 86.4 ਅੰਕ ਪ੍ਰਾਪਤ ਕੀਤੇ ਹਨ ।ਸਕੂਲ ਦੇ 26 ਵਿਦਿਆਰਥੀਆਂ ਨੇ 60 ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ।

ਸਰਕਾਰੀ ਹਾਈ ਸਕੂਲ ਔਲਖ ਦੇ ਮੁੱਖ ਅਧਿਆਪਕ ਜਗਜੀਵਨ ਸਿੰਘ ਅਤੇ ਦੇਵੀ ਵਾਲਾ ਸਕੂਲ ਦੇ ਮੁੱਖ ਅਧਿਆਪਕਾ ਮੈਡਮ ਸਰਬਜੀਤ ਕੌਰ ਨੇ ਦਸਵੀਂ ਜਮਾਤ ਦੇ ਸਲਾਨਾ ਨਤੀਜਿਆਂ ਵਿੱਚ ਵਧੀਆ ਅੰਕ ਪ੍ਰਾਪਤ ਕਰਨ ਤੇ ਸਾਰੇ ਵਿਦਿਆਰਥੀਆਂ, ਉਨਾਂ ਦੇ ਮਾਪਿਆਂ ਅਤੇ ਸਕੂਲ ਦੇ ਸਮੁੱਚੇ ਅਧਿਆਪਕ ਸਾਹਿਬਾਨ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਵਿਦਿਆਰਥੀਆਂ ਵੱਲੋਂ ਵਧੀਆ ਅੰਕ ਪ੍ਰਾਪਤ ਕਰਨਾ ਇਹਨਾਂ ਸਾਰਿਆਂ ਵੱਲੋਂ ਕੀਤੀ ਗਈ ਸਖਤ ਮਿਹਨਤ ਦਾ ਨਤੀਜਾ ਹੈ।

## ਮਾਛੀਵਾੜਾ ਸਾਹਿਬ ਦੇ ਨੌਜਵਾਨ ਅਕਾਲੀ ਆਗੂ ਦਵਿੰਦਰ ਸਿੰਘ ਬਵੇਜਾ ਜਨਰਲ ਕੌਂਸਲ ਮੈਂਬਰ ਬਣੇ

ਵਰਲਡ ਪੰਜਾਬੀ ਟਾਈਮਜ਼ — ਬਲਬੀਰ ਸਿੰਘ ਬੱਬੀ



ਮਾਛੀਵਾੜਾ ਸਾਹਿਬ 21 ਅਪ੍ਰੈਲ : ਪੰਜਾਬ ਵਿੱਚ ਲੋਕ ਸਭਾ ਚੋਣਾਂ ਦੇ ਸੰਬੰਧ ਵਿੱਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਨਵੀਂਆਂ ਨਿਯੁਕਤੀਆਂ ਕੀਤੀਆਂ ਜਾ ਰਹੀਆਂ ਹਨ ਤਾਂ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੇ ਵਿੱਚ ਅਕਾਲੀ ਦਲ ਬਾਦਲ ਨੂੰ ਜਿੱਤ ਵੱਲ ਵਧਾਇਆ ਜਾ ਸਕੇ। ਪੰਜਾਬ ਦੀ ਪ੍ਰਮੁੱਖ ਰਾਜਨੀਤਕ ਪਾਰਟੀ ਮੁੜ ਪੰਜਾਬ ਦੇ ਵਿੱਚ ਲੋਕਾਂ ਦੀ ਸੇਵਾ ਕਰ ਸਕੇ ਤੇ ਪੰਜਾਬ ਨੂੰ ਦਿੱਲੀ ਤੋਂ ਚੱਲਣ ਵਾਲੀਆਂ ਪੰਜਾਬੀ ਪ੍ਰਤੀ ਮਾੜੀ ਸੋਚ ਵਾਲੀਆਂ ਪਾਰਟੀਆਂ ਤੋਂ ਬਚਾਇਆ ਜਾ ਸਕੇ। ਵਿਧਾਨ ਸਭਾ ਹਲਕਾ ਸਮਰਾਲਾ ਦੇ ਵਿੱਚ ਪੈਂਦੇ ਇਤਿਹਾਸਕ ਸ਼ਹਿਰ ਮਾਛੀਵਾੜਾ ਸਾਹਿਬ ਦੇ ਵਿੱਚ ਅਕਾਲੀ ਦਲ ਨਾਲ ਸੰਬੰਧਿਤ ਨਵੀਂਆਂ ਨਿਯੁਕਤੀਆਂ ਦੇ ਵਿੱਚ ਨੌਜਵਾਨ ਅਕਾਲੀ ਆਗੂ ਦਵਿੰਦਰ ਸਿੰਘ ਬਵੇਜਾ ਨੂੰ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਕਾਲੀ ਦਲ ਪ੍ਰਤੀ ਬਵੇਜਾ ਦੀਆਂ ਸੇਵਾਵਾਂ ਨੂੰ ਦੇਖਦਿਆਂ ਹੋਇਆਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਦਵਿੰਦਰ ਸਿੰਘ ਬਵੇਜਾ ਨੂੰ ਜਨਰਲ ਕੌਂਸਲ ਮੈਂਬਰ ਨਿਯੁਕਤ ਕੀਤਾ ਗਿਆ ਹੈ। ਦਲਜੀਤ ਸਿੰਘ ਮੈਂਬਰ ਕੋਰ ਕਮੇਟੀ ਨੇ ਦਵਿੰਦਰ ਸਿੰਘ ਬਵੇਜਾ ਨੂੰ ਨਿਯੁਕਤੀ ਪੱਤਰ ਸੌਂਪਿਆ। ਬਵੇਜਾ ਨੂੰ ਜਨਰਲ ਕੌਂਸਲ ਮੈਂਬਰ ਨਿਯੁਕਤ ਹੋਣ ਉੱਤੇ ਅਕਾਲੀ ਆਗੂ ਦਲਜੀਤ ਸਿੰਘ ਗਿੱਲ, ਜਗਦੀਸ਼ ਸਿੰਘ ਮੰਡ, ਗੁਰਿੰਦਰ ਸਿੰਘ ਨੂਰਪੁਰ ਤੇ ਹੋਰ ਅਕਾਲੀ ਵਰਕਰਾਂ ਨੇ ਵਧਾਈਆਂ ਦਿੱਤੀਆਂ ਤੇ ਸ਼ਹਿਰ ਵਾਸੀਆਂ ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ।

## ਮਾਤਾ ਹਰਦੇਈ ਨੈਸ਼ਨਲ ਸਕੂਲ ਮਾਛੀਵਾੜਾ ਦੀ ਵਿਦਿਆਰਥਣ ਨੇ ਪੰਜਾਬ ਚੋਂ 15ਵਾਂ ਸਥਾਨ ਹਾਸਿਲ ਕੀਤਾ

ਵਰਲਡ ਪੰਜਾਬੀ ਟਾਈਮਜ਼ — ਬਲਬੀਰ ਸਿੰਘ ਬੱਬੀ

ਮਾਛੀਵੜਾ ਸਾਹਿਬ 21 ਅਪ੍ਰੈਲ : ਮਾਛੀਵਾੜਾ ਜਿਹੇ ਪੇਂਡੂ ਇਲਾਕੇ ਦੀ ਵਿਦਿਆ ਦੇ ਸੰਬੰਧ ਵਿੱਚ ਅਹਿਮ ਸੰਸਥਾ ਮਾਤਾ ਹਰਦੇਈ ਨੈਸ਼ਨਲ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ



ਮਾਛਵਾੜਾ ਦਾ ਦਸਵੀਂ ਜਮਾਤ ਦਾ ਨਤੀਜਾ ਬਹੁਤ ਹੀ ਵਧੀਆ ਰਿਹਾ। ਇਸ ਸਕੂਲ ਦੀ ਵਿਦਿਆਰਥਣ ਇਸ਼ਮੀਤ ਕੌਰ ਪੁੱਤਰੀ ਸਤਨਾਮ ਸਿੰਘ ਵਾਸੀ ਗੜ੍ਹੀ ਤਰਖਾਣਾ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਜਾਰੀ ਕੀਤੀ ਗਈ ਮੈਰਿਟ ਸੂਚੀ ਵਿੱਚ ਸਮੁੱਚੇ ਪੰਜਾਬ ਵਿੱਚੋਂ 15ਵਾਂ ਸਥਾਨ ਹਾਸਿਲ ਕੀਤਾ ਹੈ ਜੋ ਕਿ ਸੰਸਥਾ ਤੋਂ ਇਲਾਵਾ ਸਮੁੱਚੇ ਇਲਾਕੇ ਲਈ ਮਾਣ ਵਾਲੀ ਗੱਲ ਹੈ। ਸਕੂਲ ਦੀ ਵਿਦਿਆਰਥਣ ਇਸ਼ਮੀਤ ਨੇ 650 ਵਿੱਚੋਂ 631 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ ਰਾਜਵੀਰ ਕੌਰ ਪੁੱਤਰੀ ਰਾਜ ਕੁਮਾਰ ਵਾਸੀ ਮਾਛੀਵਾੜਾ ਨੇ ਦੂਜਾ ਦਰਜਾ ਪ੍ਰਾਪਤ ਕੀਤਾ ਰਜਨੀ ਪੁੱਤਰੀ ਸੁਖਵਿੰਦਰ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਸਕੂਲ ਸਟਾਫ ਤੇ ਪ੍ਰਬੰਧਕ ਕਮੇਟੀ ਵੱਲੋਂ ਮੈਰਿਟ ਵਿੱਚ ਆਉਣ ਵਾਲੀ ਵਿਦਿਆਰਥਣ ਦਾ ਮੂੰਹ ਮਿੱਠਾ ਕਰਵਾ ਕੇ ਉਸ ਨੂੰ 21000 ਦਾ ਚੈਕ ਸੌਂਪਿਆ ਗਿਆ। ਇਸ ਪ੍ਰਾਪਤੀ ਦਾ ਸਿਹਰਾ ਪ੍ਰਿੰਸੀਪਲ ਬਲਜੀਤ ਸਿੰਘ ਨੂੰ ਜਾਂਦਾ ਹੈ ਜੋ ਪੜ੍ਹਾਈ ਤੋਂ ਇਲਾਵਾ ਹੋਰ ਖੇਤਰਾਂ ਵਿੱਚ ਵੀ ਵਿਦਿਆਰਥਣਾਂ ਨੂੰ ਸਖਤ ਮਿਹਨਤ ਕਰਵਾ ਰਹੇ ਹਨ। ਇਸ ਸਮੇਂ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੁਰਿੰਦਰ ਕੁੰਦਰਾ ਸਕੱਤਰ ਗੁਰਨਾਮ ਸਿੰਘ ਨਾਗਰਾ ਜੋਇੰਟ ਸੈਕਟਰੀ ਜੈ ਦੀਪ ਸਿੰਘ ਕਾਹਲੋ ਸੀਨੀਅਰ ਸਟਾਫ ਮੈਂਬਰ ਰਵਿੰਦਰ ਕੌਰ ਸਮੂਹ ਸਟਾਫ ਤੇ ਵਿਦਿਆਰਥਣਾਂ ਹਾਜ਼ਰ ਸਨ।

## ਬੁੱਧ ਵਿਹਾਰ ਦੇ ਨਿਰਮਾਣ ਲਈ ਦਿਓ ਸਹਿਯੋਗ : ਪਰਮਪਾਲ ਸ਼ਾਕਿਆ

ਵਰਲਡ ਪੰਜਾਬੀ ਟਾਈਮਜ਼ — ਟਿੰਕੂ ਕੁਮਾਰ



ਕੋਟਕਪੂਰਾ, 21 ਅਪ੍ਰੈਲ : ਬੁੱਧ ਸ਼ਾਕਯ ਕਮੇਟੀ ਵੱਲੋਂ ਕੋਟਕਪੂਰਾ ਵਿਖੇ ਬਣਾਏ ਜਾ ਰਹੇ ਬੁੱਧ ਵਿਹਾਰ ਦੀ ਉਸਾਰੀ ਦਾ ਕੰਮ ਜ਼ੋਰਾਂ ‘ਤੇ ਚੱਲ ਰਿਹਾ ਹੈ, ਇਸ ਦੇ ਸਹਿਯੋਗ ਲਈ ਕਮੇਟੀ ਦੇ ਚੇਅਰਮੈਨ ਸ਼ਿਆਮਵੀਰ ਸ਼ਾਕਿਆ ਨੇ ਕਿਹਾ ਕਿ ਬੁੱਧ ਵਿਹਾਰ ਦੇ ਨਿਰਮਾਣ ਲਈ ਸਾਰਿਆਂ ਦਾ ਸਹਿਯੋਗ ਜ਼ਰੂਰੀ ਹੈ | ਕੋਟਕਪੂਰਾ ਵਿੱਚ ਸਥਿਤ ਵਿਹਾਰ ਵਿੱਚ ਉਨ੍ਹਾਂ ਨੇ ਸਮੁੱਚੀ ਸ਼ਾਕਯ ਭਾਈਚਾਰੇ ਅਤੇ ਬੁੱਧ ਧਰਮ ਦੇ ਪੈਰੋਕਾਰਾਂ ਤੋਂ ਸਹਿਯੋਗ ਦੀ ਮੰਗ ਕੀਤੀ ਹੈ ਤਾਂ ਜੋ ਬੁੱਧ ਵਿਹਾਰ ਦਾ ਨਿਰਮਾਣ ਕੀਤਾ ਜਾ ਸਕੇ। ਬੀਤੇ ਦਿਨ ਲਾਰਡ ਬੁੱਧ ਆਈ ਐਜੂਕੇਸ਼ਨਲ ਸੁਸਾਇਟੀ ਰਜਿ ਫਰੀਦਕੋਟ ਦੇ ਪ੍ਰਧਾਨ ਪਰਮਪਾਲ ਸ਼ਾਕਿਆ ਨੇ ਬੋਧ ਵਿਹਾਰ ਵਿਖੇ ਪਹੁੰਚ ਕੇ ਸਮੁੱਚੀ ਸ਼ਾਕਯ ਸਮਾਜ ਨੂੰ ਦਸ ਹਜ਼ਾਰ ਰੁਪਏ, ਹਰਿੰਦਰ ਸ਼ਾਕਿਆ ਨੂੰ 1000 ਰੁਪਏ, ਸੁਰੇਸ਼ ਸ਼ਾਕਿਆ ਨੂੰ 1100 ਰੁਪਏ, ਰਾਮ ਪ੍ਰਕਾਸ਼ ਅਤੇ ਸੋਹਨ ਲਾਲ ਨੇ 500 ਰੁਪਏ ਨਗਦ ਦਿੱਤੇ, ਜਿਸ ਲਈ ਕਮੇਟੀ ਕੋਟਕਪੂਰਾ ਦੇ ਪ੍ਰਧਾਨ ਸ਼ਿਆਮਵੀਰ ਸ਼ਾਕਿਆ ਅਤੇ ਫਰੀਦਕੋਟ ਦੇ ਪ੍ਰਧਾਨ ਪਰਮਪਾਲ ਸ਼ਾਕਿਆ ਨੇ ਬੋਧ ਦੇ ਨਿਰਮਾਣ ਵਿੱਚ ਸਹਿਯੋਗ ਦੀ ਅਪੀਲ ਕੀਤੀ ਹੈ। ਵਿਹਾਰ ਇਸ ਮੌਕੇ ‘ਤੇ ਸ਼ਿਆਮਵੀਰ ਸ਼ਾਕਯ ਪਰਮਪਾਲ ਸ਼ਾਕਯ ਨੀਤੂ ਸ਼ਾਕਯ ਰਾਜਾ ਸ਼ਾਕਯ ਸਰਵਣ ਸ਼ਾਕਯ ਆਦਿ ਮੌਜੂਦ ਸਨ!

## ਕਣਕ ਦੀ ਖ਼ਰੀਦ ਦੌਰਾਨ ਕਿਸਾਨਾਂ ਨੂੰ ਮੰਡੀਆਂ ਚ ਨਾ ਆਉਣ ਦਿੱਤੀ ਜਾਵੇ ਕੋਈ ਦਿੱਕਤ : ਡਿਪਟੀ ਕਮਿਸ਼ਨਰ

### ਕਣਕ ਦੀ ਖ਼ਰੀਦ ਦੇ ਪ੍ਰਬੰਧਾਂ ਸਬੰਧੀ ਅਧਿਕਾਰੀਆਂ ਨਾਲ ਕੀਤੀ ਮੀਟਿੰਗ

### 15663 ਮੀਟ੍ਰਿਕ ਟਨ ਕਣਕ ਦੀ ਵੱਖ-ਵੱਖ ਖ਼ਰੀਦ ਏਜੰਸੀਆਂ ਨੇ ਕੀਤੀ ਖ਼ਰੀਦ

### ਕਿਸਾਨਾਂ ਨੂੰ ਮੰਡੀਆਂ ਚ ਸੁੱਕੀ ਫ਼ਸਲ ਲਿਆਉਣ ਦੀ ਕੀਤੀ ਅਪੀਲ

ਵਰਲਡ ਪੰਜਾਬੀ ਟਾਈਮਜ਼ — ਗੁਰਪ੍ਰੀਤ ਚਹਿਲ



ਬਠਿੰਡਾ, 21 ਅਪ੍ਰੈਲ : ਕਣਕ ਦੀ ਖ਼ਰੀਦ ਦੌਰਾਨ ਕਿਸਾਨਾਂ ਨੂੰ ਅਨਾਜ ਮੰਡੀਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਨਾ ਆਉਣ ਦਿੱਤੀ ਜਾਵੇ। ਇਹ ਆਦੇਸ਼ ਡਿਪਟੀ ਕਮਿਸ਼ਨਰ ਸ. ਜਸਪ੍ਰੀਤ ਸਿੰਘ ਨੇ ਜ਼ਿਲ੍ਹੇ ਅੰਦਰ ਕਣਕ ਦੀ ਖ਼ਰੀਦ ਦੇ ਪ੍ਰਬੰਧਾਂ ਸਬੰਧੀ ਅਧਿਕਾਰੀਆਂ ਨਾਲ ਕੀਤੀ ਗਈ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਦਿੱਤੇ। ਇਸ ਦੌਰਾਨ ਉਨ੍ਹਾਂ ਅਧਿਕਾਰੀਆਂ ਨੂੰ ਕਣਕ ਦੀ ਖਰੀਦ ਵਿਚ ਹੋਰ ਤੇਜ਼ੀ ਲਿਆਉਣ ਦੇ ਆਦੇਸ਼ ਵੀ ਦਿੱਤੇ ਅਤੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਮੰਡੀਆਂ ਵਿਚ ਸੁੱਕੀ ਕਣਕ ਹੀ ਲੈ ਕੇ ਆਉਣ।

ਇਸ ਮੌਕੇ ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਮੰਡੀ ਅਫ਼ਸਰ ਨੂੰ ਹਦਾਇਤ ਦਿੰਦਿਆਂ ਕਿਹਾ ਕਿ ਜ਼ਿਲ੍ਹੇ ਦੀਆਂ ਸਾਰੀਆਂ ਅਨਾਜ ਮੰਡੀਆਂ ਅਤੇ ਖ਼ਰੀਦ ਕੇਂਦਰਾਂ ਚ ਲੋੜੀਂਦੇ ਪ੍ਰਬੰਧ ਜਿਵੇਂ ਕਿ ਸਾਫ਼-ਸਫ਼ਾਈ, ਛਾਂ, ਬਿਜਲੀ ਦੀ ਸਪਲਾਈ, ਸਾਫ਼ ਪੀਣ ਵਾਲੇ ਪਾਣੀ ਆਦਿ ਦੇ ਪ੍ਰਬੰਧਾਂ ਚ ਕਿਸੇ ਤਰ੍ਹਾਂ ਦੀ ਕੋਈ ਢਿੱਲ ਨਾ ਵਰਤੀ ਜਾਵੇ।

ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਮੰਡੀ ਅਫ਼ਸਰ ਨੂੰ ਇਹ ਵੀ ਹਦਾਇਤ ਕੀਤੀ ਕਿ ਜ਼ਿਲ੍ਹੇ ਦੀਆਂ ਅਨਾਜ ਮੰਡੀਆਂ ਚ 12 ਫ਼ੀਸਦੀ ਤੋਂ ਵਧੇਰੇ ਨਮੀ ਦੀ ਮਾਤਰਾ ਵਾਲੀ ਕਣਕ ਦੀਆਂ ਟਰਾਲੀਆਂ ਦੀ ਮੰਡੀਆਂ ਚ ਆਮਦ ਨਾ ਹੋਣ ਦਿੱਤੀ ਜਾਵੇ।

ਇਸ ਦੌਰਾਨ ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਡਾ. ਰੂਪਪ੍ਰੀਤ ਕੌਰ ਨੇ ਦੱਸਿਆ ਕਿ 18 ਅਪ੍ਰੈਲ 2024 ਤੱਕ ਜ਼ਿਲ੍ਹੇ ਦੀਆਂ ਮੰਡੀਆਂ ਚ 15663.00 ਮੀਟ੍ਰਿਕ ਟਨ ਕਣਕ ਦੀ ਖ਼ਰੀਦ ਵੱਖ-ਵੱਖ ਏਜੰਸੀਆਂ ਦੁਆਰਾ ਕੀਤੀ ਗਈ ਹੈ, ਜਿਸ ਚ ਪਨਗ੍ਰੇਨ ਵੱਲੋਂ 6545 ਮੀਟ੍ਰਿਕ ਟਨ, ਮਾਰਕਫ਼ੈਡ ਵੱਲੋਂ 2885.00, ਪਨਸਪ ਵੱਲੋਂ 3223.00, ਵੇਅਰਹਾਊਸ ਵੱਲੋਂ 2646.00 ਅਤੇ ਪ੍ਰਾਈਵੇਟ ਵਪਾਰੀਆਂ ਵਲੋਂ 364 ਮੀਟ੍ਰਿਕ ਟਨ ਕਣਕ ਦੀ ਖ਼ਰੀਦ ਕੀਤੀ ਗਈ।

ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਵੀ ਅਪੀਲ ਕੀਤੀ ਹੈ ਕਿ ਰਾਤ ਦੇ ਸਮੇਂ ਕਣਕ ਦੀ ਕਟਾਈ ਨਾ ਕੀਤੀ ਜਾਵੇ ਅਤੇ ਮੰਡੀਆਂ ਚ ਸੁੱਕੀ ਫ਼ਸਲ ਲੈ ਕੇ ਆਉਣ ਤਾਂ ਜੋ ਉਨ੍ਹਾਂ ਨੂੰ ਖ੍ਰੀਦ ਦੌਰਾਨ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਦਰਪੇਸ਼ ਨਾ ਆਵੇ। ਉਨ੍ਹਾਂ ਕਿਸਾਨਾਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਕਣਕ ਦੇ ਨਾੜ ਨੂੰ ਅੱਗ ਨਾ ਲਗਾਉਣ ਸਗੋਂ ਇਸ ਨੂੰ ਜ਼ਮੀਨ ਚ ਹੀ ਮਿਲਾ ਕੇ ਖਾਦ ਦੇ ਤੌਰ ਤੇ ਵਰਤਣ। ਕਣਕ ਦੀ ਪਰਾਲੀ ਨੂੰ ਸਾੜਨ ਨਾਲ ਜਿੱਥੇ ਵਾਤਾਵਰਨ ਗੰਧਲਾ ਹੁੰਦਾ ਹੈ ਉੱਥੇ ਹੀ ਮਨੁੱਖੀ ਸਿਹਤ ਤੇ ਮਾੜੇ ਪ੍ਰਭਾਵ ਪੈਂਦੇ ਹਨ।

ਇਸ ਮੌਕੇ ਸਹਾਇਕ ਖੁਰਾਕ ਤੇ ਸਪਲਾਈ ਕੰਟਰੋਲਰ ਸ਼੍ਰੀ ਹਰਸ਼ਿਤ ਮਹਿਤਾ, ਜ਼ਿਲ੍ਹਾ ਮੰਡੀ ਅਫ਼ਸਰ ਸ਼੍ਰੀ ਸਲੋਧ ਬਿਸ਼ਨੋਈ, ਪਨਗ੍ਰੇਨ, ਮਾਰਕਫ਼ੈਡ, ਵੇਅਰਹਾਊਸ ਆਦਿ ਖ਼ਰੀਦ ਏਜੰਸੀਆਂ ਦੇ ਨੁਮਾਇੰਦੇ ਹਾਜ਼ਰ ਸਨ।

## ਪੰਜਾਬ ਦੇ ਪ੍ਰਸਿੱਧ ਲੇਖਕ ਅਤੇ ਸ਼ਾਇਰ ਮਹਿੰਦਰ ਸੂਦ ਵਿਰਕ ਨੂੰ ਕੀਤਾ ਗਿਆ ਸਨਮਾਨਿਤ

ਵਰਲਡ ਪੰਜਾਬੀ ਟਾਈਮਜ਼




21 ਅਪ੍ਰੈਲ: ਪੰਜਾਬ ਦੇ ਪ੍ਰਸਿੱਧ ਲੇਖਕ ਅਤੇ ਸ਼ਾਇਰ ਮਹਿੰਦਰ ਸੂਦ ਵਿਰਕ ਨੂੰ ਪੁਰਾਤਨਤਾ ਤੋਂ ਨਵੀਨਤਾ ਵੱਲ ਵੱਧਦੇ ਹੋਏ ਸਾਹਿਤਕ ਮੰਚ ਅਤੇ ਪ੍ਰਕਾਸ਼ਨ ਮੰਚ ਮਾਨਸਰੋਵਰ ਪੰਜਾਬੀ ਸਾਹਿਤ ਅਕਾਦਮੀ ਰਾਜਸਥਾਨ ਵੱਲੋਂ 19 ਅਪ੍ਰੈਲ 2024 ਦਿਨ ਸ਼ੁੱਕਰਵਾਰ ਨੂੰ ਕਰਵਾਏ ਗਏ ਲਾਈਵ ਕਵਿਤਾ ਸੈਸ਼ਨ ਵਿੱਚ ਲੇਖਕ ਸੂਦ ਵਿਰਕ ਦੀ ਭਰਵੀਂ ਹਾਜ਼ਰੀ ਨੂੰ ਦੇਖ ਦੇ ਹੋਏ ਸਨਮਾਨ ਪੱਤਰ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਕਵਿਤਾ ਸੈਸ਼ਨ ਦੇ ਵਿੱਚ ਸੂਦ ਵਿਰਕ ਨੇ ਦੋ ਰਚਨਾਵਾਂ “ਇਨਸਾਨੀਅਤ ਜ਼ਿੰਦਾਬਾਦ” ਅਤੇ “ਕੁੱਝ ਗੱਲਾਂ” ਨਾਲ ਸਾਂਝ ਪਾਈ। ਜਿਸ ਤੋਂ ਬਾਅਦ ਕਵਿਤਾ ਸੈਸ਼ਨ ਦੇ ਸੰਚਾਲਕ ਨੇ ਕਿਹਾ ਕਿ ਸੂਦ ਵਿਰਕ ਦੀਆਂ ਰਚਨਾਵਾਂ ਬਹੁਤ ਪ੍ਰਭਾਵਸ਼ਾਲੀ ਅਤੇ ਸਮਾਜ ਨੂੰ ਸੇਧ ਦੇਣ ਵਾਲੀਆਂ ਹਨ ਅਤੇ ਇਹ ਮੰਚ ਲੇਖਕ ਸੂਦ ਵਿਰਕ ਨੂੰ ਉਹਨਾਂ ਦੇ ਉੱਜਵਲ ਭਵਿੱਖ ਅਤੇ ਸਫਲ ਸਾਹਿਤਕ ਸਫ਼ਰ ਦੇ ਲਈ ਸ਼ੁੱਭਕਾਮਨਾਵਾਂ ਦਿੰਦਾ ਹੈ।

ਸੂਦ ਵਿਰਕ ਨੇ ਕਿਹਾ ਕਿ ਮਾਨਸਰੋਵਰ ਪੰਜਾਬੀ ਸਾਹਿਤ ਅਕਾਦਮੀ ਰਾਜਸਥਾਨ ਦੀ ਸਮੁੱਚੀ ਟੀਮ ਦਾ ਮਾਂ ਬੋਲੀ ਪੰਜਾਬੀ ਨੂੰ ਸਮਰਪਿਤ ਅਤੇ ਬਣਦੇ ਮਾਣ ਸਤਿਕਾਰ ਨੂੰ ਲੈ ਕੇ, ਅਤੇ ਨਵੇਂ ਪੁਰਾਣੇ ਕਲਮਕਾਰਾਂ ਨੂੰ ਇੱਕ ਕਦਮ ਹੋਰ ਅੱਗੇ ਲਿਆਉਣ ਲਈ ਇਹ ਇੱਕ ਬਹੁਤ ਹੀ ਵਧੀਆ ਉਪਰਾਲਾ ਹੈ ਅਤੇ ਉਹਨਾਂ ਨੇ ਉਚੇਚੇ ਤੌਰ ਤੇ ਮੰਚ ਸੰਚਾਲਨ ਗੁਰਦੀਪ ਅਤੇ ਪ੍ਰਧਾਨ ਸੀਆ ਭਾਰਤੀ ਦਾ ਵਿਸ਼ੇਸ਼ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਉਹ ਕਾਮਨਾ ਕਰਦੇ ਹਨ ਕਿ ਇਹ ਮੰਚ ਆਸਮਾਨ ਤੱਕ ਦੀਆਂ ਬੁਲੰਦੀਆਂ ਪਾਏ।

## ਕਰ ਭਲਾ ਹੋ ਭਲਾ ਪ੍ਰੈਸ ਕਲੱਬ ਨੇ ਨਵ-ਨਿਯੁਕਤ ਐਸਐਮਓ ਨੂੰ ਕੀਤਾ ਸਨਮਾਨਿਤ

ਵਰਲਡ ਪੰਜਾਬੀ ਟਾਈਮਜ਼ — ਟਿੰਕੂ ਕੁਮਾਰ

ਕੋਟਕਪੂਰਾ, 21 ਅਪ੍ਰੈਲ : ਪੱਤਰਕਾਰਾਂ ਦੀ ਸਮਾਜ ਸੇਵੀ ਸੰਸਥਾ ਕਰ ਹੋ ਭਲਾ ਪ੍ਰੈਸ ਕਲੱਬ (ਰਜਿ.) ਜਿਲ੍ਹਾ ਫਰੀਦਕੋਟ ਵੱਲੋਂ ਸਿਵਲ ਹਸਪਤਾਲ ਫਰੀਦਕੋਟ ਦੇ ਨਵ-ਨਿਯੁਕਤ ਐਸਐਮਓ ਡਾ. ਵਿਸ਼ਵਦੀਪ ਗੋਇਲ ਨੂੰ ਸਿਹਤ ਦੇ ਖੇਤਰ ਵਿੱਚ ਚੰਗੀਆਂ ਸੇਵਾਵਾਂ ਦੇਣ ਬਦਲੇ ਸਨਮਾਨਿਤ ਕੀਤਾ ਗਿਆ। ਇਸ ਸਮੇਂ ਪ੍ਰਧਾਨ ਚਰਨਦਾਸ ਗਰਗ ਨੇ ਡਾ: ਵਿਸ਼ਵਦੀਪ ਗੋਇਲ ਨੂੰ ਸਿਵਲ ਹਸਪਤਾਲ ਫ਼ਰੀਦਕੋਟ ਦੇ ਸੀਨੀਅਰ ਮੈਡੀਕਲ ਅਫ਼ਸਰ ਵਜੋਂ ਚਾਰਜ ਸੰਭਾਲਣ




‘ਤੇ ਵਧਾਈ ਦਿੰਦਿਆਂ ਕਿਹਾ ਕਿ ਡਾ: ਵਿਸ਼ਵਦੀਪ ਗੋਇਲ ਨੇ ਪਹਿਲਾਂ ਇਸ ਹਸਪਤਾਲ ‘ਚ ਬਤੌਰ ਆਰਥੋਪੀਡਿਕ ਸਪੈਸ਼ਲਿਸਟ ਵਜੋਂ ਸੇਵਾਵਾਂ ਨਿਭਾਅ ਕੇ ਪ੍ਰਸਿੱਧੀ ਹਾਸਲ ਕੀਤੀ ਹੈ ਅਤੇ ਹੁਣ ਸੀਨੀਅਰ ਮੈਡੀਕਲ ਅਫਸਰ ਵਜੋਂ ਸਿਹਤ ਦੇ ਖੇਤਰ ਵਿੱਚ ਚੰਗੇ ਕਦਮ ਚੁੱਕ ਰਹੇ ਹਨ। ਕਲੱਬ ਦੇ ਮੀਤ ਪ੍ਰਧਾਨ ਸ਼ਾਮ ਸੁੰਦਰ ਅਰੋੜਾ ਨੇ ਦੱਸਿਆ ਕਿ ਜਿੱਥੇ ਡਾਕਟਰ ਵਿਸ਼ਵਦੀਪ ਗੋਇਲ ਨੇ ਪਹਿਲਾਂ ਵੀ ਆਯੂਸ਼ਮਾਨ ਕਾਰਡ ਤਹਿਤ ਲੋੜਵੰਦ ਮਰੀਜ਼ਾਂ ਨੂੰ ਗੋਡੇ ਬਦਲਣ ਦੀ ਸਹੂਲਤ ਪ੍ਰਦਾਨ ਕਰਨ ਵਿੱਚ ਆਪਣੀਆਂ ਸ਼ਲਾਘਾਯੋਗ ਸੇਵਾਵਾਂ ਦਿੱਤੀਆਂ ਹਨ, ਉੱਥੇ ਹੀ ਹੁਣ ਡਾ: ਗੋਇਲ ਹੈਲਥ ਫਾਰ ਸੁਸਾਇਟੀ ਰਾਹੀਂ ਲੋੜਵੰਦ ਲੋਕਾਂ ਦੀ ਮਦਦ ਕਰ ਰਹੇ ਹਨ ਅਤੇ ਜ਼ਿਲ੍ਹਾ ਵਾਸੀ ਲੋੜਵੰਦ ਲੋਕਾਂ ਦੀ ਮਦਦ ਕਰਨ ਕਰਕੇ ਉਨ੍ਹਾਂ ‘ਤੇ ਮਾਣ ਮਹਿਸੂਸ ਕਰਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਇਸੇ ਕਾਰਨ ਅੱਜ ਉਨ੍ਹਾਂ ਨੂੰ ਸਾਡੀ ਸੰਸਥਾ ਵੱਲੋਂ ਮਰੀਜ਼ਾਂ ਨੂੰ ਬਿਹਤਰ ਸਿਹਤ ਸੇਵਾਵਾਂ ਦੇਣ ਲਈ ਸਨਮਾਨਿਤ ਕੀਤਾ ਗਿਆ ਹੈ। ਇਸ ਸਮੇਂ ਕਲੱਬ ਦੇ ਚੇਅਰਮੈਨ ਡਾ: ਜਸਕਰਨ ਸਿੰਘ ਸੰਧਵਾ, ਮੀਤ ਪ੍ਰਧਾਨ ਰਾਜੂ ਕੰਡਾ, ਜਨਰਲ ਸਕੱਤਰ ਕਮਲ ਕਟਾਰੀਆ, ਪੱਤਰਕਾਰ ਮੋਹਿਤ ਮਹਿਤਾ, ਪੱਤਰਕਾਰ ਰਾਜੀਵ ਕੁਮਾਰ ਜੈਤੋ, ਜਤਿੰਦਰ ਮਿੱਤਲ ਪੱਤਰਕਾਰ ਬਾਜਾਖਾਨਾ ਤੋਂ ਇਲਾਵਾ ਹੋਰ ਕਲੱਬ ਮੈਂਬਰ ਵੀ ਹਾਜ਼ਰ ਸਨ।

## ਤੂੰ ਹੀ ਤੂੰ , ਤੂੰ ਹੀ ਤੂੰ




ਵਰਲਡ ਪੰਜਾਬੀ ਟਾਈਮਜ਼
ਰਮਿੰਦਰ ਰੰਮੀ

ਤੂੰ ਹੀ ਤੂੰ, ਤੂੰ ਹੀ ਤੂੰ ।
ਜਿੱਧਰ ਦੇਖਾਂ ਤੂੰ ਹੀ ਤੂੰ ।
ਤੂੰ ਹੀ ਤੂੰ, ਤੂੰ ਹੀ ਤੂੰ ।

ਮੇਰੀ ਰੂਹ ਵਿੱਚ ਤੂੰ
ਮੇਰੀ ਧੜਕਣ ਵਿੱਚ ਤੂੰ
ਮੇਰੇ ਗੀਤਾਂ ਵਿੱਚ ਤੂੰ
ਮੇਰੀਆਂ ਨਜ਼ਮਾਂ ਵਿੱਚ ਤੂੰ ।
ਤੂੰ ਹੀ ਤੂੰ, ਤੂੰ ਹੀ ਤੂੰ ।

ਮੇਰੇ ਸਾਹਾਂ ਵਿੱਚ ਤੂੰ
ਮੇਰੇ ਪ੍ਰਾਣਾਂ ਵਿੱਚ ਤੂੰ
ਮੇਰੀ ਖ਼ੁਸ਼ੀ ਵਿੱਚ ਤੂੰ
ਮੇਰੀ ਗ਼ਮੀ ਵਿੱਚ ਤੂੰ ।
ਤੂੰ ਹੀ ਤੂੰ, ਤੂੰ ਹੀ ਤੂੰ ।

ਮੇਰੀ ਕਲਪਨਾ ਵਿੱਚ ਤੂੰ
ਮੇਰੇ ਖ਼ੁਆਬਾਂ ਵਿੱਚ ਤੂੰ
ਮੇਰੀ ਉਦਾਸੀ ਵਿੱਚ ਤੂੰ
ਮੇਰੀ ਮੁਸਕਰਾਹਟ ਵਿਚ ਤੂੰ
ਤੂੰ ਹੀ ਤੂੰ, ਤੂੰ ਹੀ ਤੂੰ ।

ਮੇਰੀਆਂ ਸੋਚਾਂ ਵਿੱਚ ਤੂੰ
ਮੇਰੀਆਂ ਯਾਦਾਂ ਵਿੱਚ ਤੂੰ ।
ਮੇਰੇ ਸਾਜ਼ ਵਿੱਚ ਤੂੰ
ਮੇਰੀ ਅਵਾਜ਼ ਵਿੱਚ ਤੂੰ ।
ਤੂੰ ਹੀ ਤੂੰ, ਤੂੰ ਹੀ ਤੂੰ ।

ਮੇਰੀ ਜ਼ਿਕਰ ਵਿੱਚ ਤੂੰ
ਮੇਰੀ ਫ਼ਿਕਰ ਵਿੱਚ ਤੂੰ
ਮੇਰੀ ਆਣ ਵਿੱਚ ਤੂੰ
ਮੇਰੀ ਸ਼ਾਨ ਵਿੱਚ ਤੂੰ ।
ਤੂੰ ਹੀ ਤੂੰ, ਤੂੰ ਹੀ ਤੂੰ ।


ਮੇਰੀ ਚੁੱਪ ਵਿੱਚ ਤੂੰ
ਮੇਰੀ ਫ਼ਿਕਰ ਵਿੱਚ ਤੂੰ
ਮੇਰੀ ਜ਼ਿੰਦਗੀ ਵਿੱਚ ਤੂੰ
ਮੇਰੀ ਬੰਦਗੀ ਵਿੱਚ ਤੂੰ ।
ਤੂੰ ਹੀ ਤੂੰ, ਤੂੰ ਹੀ ਤੂੰ ।

ਮੇਰੇ ਹਨੇਰਿਆਂ ਵਿੱਚ ਤੂੰ
ਮੇਰੇ ਚਾਨਣਿਆਂ ਵਿੱਚ ਤੂੰ
ਮੇਰੀਆਂ ਮਹਿਕਾਂ ਵਿੱਚ ਤੂੰ
ਹਰ ਸ਼ੈਅ ਵਿੱਚ ਤੂੰ ਹੀ ਤੂੰ ।
ਤੂੰ ਹੀ ਤੂੰ, ਤੂੰ ਹੀ ਤੂੰ ।

ਤੂੰ ਹੀ ਤੂੰ, ਤੂੰ ਹੀ ਤੂੰ ।
ਜਿੱਧਰ ਦੇਖਾਂ ਤੂੰ ਹੀ ਤੂੰ ।
ਤੂੰ ਹੀ ਤੂੰ, ਤੂੰ ਹੀ ਤੂੰ ।
ਤੂੰ ਹੀ ਤੂੰ, ਤੂੰ ਹੀ ਤੂੰ ।

## ਦੁੱਖੀ ਹੋਣ ਦੇ ਕਾਰਨ...

ਵਰਲਡ ਪੰਜਾਬੀ ਟਾਈਮਜ਼
ਪਰਵੀਨ ਕੌਰ ਸਿੱਧੂ




ਜ਼ਿੰਦਗੀ ਵਿਚ ਵਿਚਰਦਿਆਂ ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡਾ ਕੋਈ ਕਰੀਬੀ, ਦੋਸਤ, ਜਾਂ ਰਿਸ਼ਤੇਦਾਰ ਤੁਹਾਨੂੰ ਬੇਧਿਆਨ ਕਰ ਰਿਹਾ ਹੈ, ਤਾਂ ਉਸ ਕੋਲੋਂ ਥੋੜ੍ਹੀ ਦੂਰੀ ਬਣਾ ਲਉ। ਸਮਾਂ ਲੰਘਣ ‘ਤੇ ਜੇਕਰ ਇਹੀ ਵਤੀਰਾ ਜਾਰੀ ਰਹਿੰਦਾ ਹੈ ਤਾਂ ਬਿਨਾਂ ਕੁਝ ਕਹੇ ਆਪਣੀ ਜ਼ਿੰਦਗੀ ਦੀ ਤੋਰ ਵਿਚ ਮਸਤ ਹੋ ਜਾਉ।

ਤੁਹਾਨੂੰ ਹਰ ਕੋਈ ਪਸੰਦ ਨਹੀਂ ਕਰ ਸਕਦਾ ਅਤੇ ਹਰ ਇੱਕ ਨਫ਼ਰਤ ਨਹੀਂ ਕਰਦਾ। ਕਈਆਂ ਦਾ ਸੁਭਾਅ ਹੀ ਹੁੰਦਾ ਹੈ ਕਿ ਹਰ ਇੱਕ ਦੀ ਸਿਫਤ ਕਰੀ ਜਾਣਾ। ਕਈ ਗੁਣ ਨਾ ਹੋਣ ਦੇ ਬਾਵਜੂਦ ਵੀ ਅਗਲਾ ਜੇਕਰ ਤੁਹਾਡੀ ਝੂਠੀ ਤਾਰੀਫ਼ ਕਰ ਰਿਹਾ ਹੈ ਤਾਂ ਸਤਰਕ ਹੋ ਜਾਉ। ਤੁਹਾਨੂੰ ਆਪਣੀਆਂ ਕਮੀਆਂ ਅਤੇ ਗੁਣਾਂ ਬਾਰੇ ਪਤਾ ਹੋਣਾ ਚਾਹੀਦਾ ਹੈ ਤਾਂ ਹੀ ਤੁਸੀਂ ਆਪਣੇ ਬਾਰੇ ਸਹੀ ਰਾਇ ਰੱਖਣ ਵਾਲੇ ਲੋਕਾਂ ਬਾਰੇ ਜਾਣ ਸਕਦੇ ਹੋ।

ਅਸੀਂ ਬਹੁਤੇ ਦੁੱਖੀ ਆਪਣੇ ਆਪ ਕਰਕੇ ਹੀ ਹੁੰਦੇ ਹਾਂ। ਆਪਣੀ ਲੋੜ ਤੋਂ ਜ਼ਿਆਦੀਆਂ ਪਾਲੀਆਂ ਖਾਹਿਸ਼ਾਂ ਕਰਕੇ। ਕਈ ਵਾਰ ਅਸੀਂ ਕਿਸੇ ਦਾ ਬਹੁਤ ਤੇਹ ਕਰਦੇ ਹਾਂ,ਪਰ ਅਗਲਾ ਸਾਡੇ ਨਾਲ ਉਨਾਂ ਨਹੀਂ ਕਰਦਾ ਜਿਨਾਂ ਅਸੀਂ ਅਗਲੇ ਦਾ ਕਰਦੇ ਹਾਂ। ਇਹੀ ਕਾਰਨ ਹੁੰਦਾ ਹੈ ਕਿ ਅਸੀਂ ਦੁੱਖੀ ਹੁੰਦੇ ਹਾਂ। ਸੋਚਿਆਂ ਜਾਵੇ ਤਾਂ ਪਿਆਰ ਜ਼ਿਆਦਾਤਰ ਇੱਕ ਤਰਫ਼ਾ ਹੀ ਹੁੰਦਾ ਹੈ।

ਕਿਸੇ ਨਾਲ ਅਸੀਂ ਦਿਲੋਂ ਕਰਦੇ ਹਾਂ, ਜ਼ਰੂਰੀ ਨਹੀ ਅਗਲਾ ਵੀ ਸਾਡੇ ਨਾਲ ਦਿਲੋਂ ਹੀ ਕਰੇ, ਇਹ ਅਗਲੇ ਦੀ ਨਿੱਜੀ ਜ਼ਿੰਦਗੀ ਦਾ ਸਵਾਲ ਹੈ। ਕੋਈ ਕਿਸੇ ਨੂੰ ਬੰਦਿਸ਼ ਨਹੀਂ ਲਗਾ ਸਕਦਾ। ਪਿਆਰ ਅਤੇ ਆਪਣੇਪਨ ਵਿਚ ਸੌਦੇਬਾਜ਼ੀ ਨਹੀਂ ਚਲਦੀ ਹੈ। ਇਹ ਤੁਹਾਡੇ ਮਨ ਅਤੇ ਦਿਲ ‘ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿਸੇ ਨੂੰ ਕਿੰਨਾ ਚਾਹੁੰਦੇ ਹੋ?

ਹਰ ਮਨੁੱਖ ਦਾ ਸੁਭਾਅ ਅਤੇ ਆਦਤਾਂ ਵੱਖੋਂ-ਵੱਖ ਹੁੰਦੇ ਹਨ। ਅਸੀਂ ਕਈਆਂ ਦੇ ਸੁਭਾਅ ਤੋਂ ਪ੍ਰਭਾਵਿਤ ਹੁੰਦੇ ਹਾਂ ਅਤੇ ਕਈਆਂ ਦੀਆਂ ਆਦਤਾਂ ਬਹੁਤ ਪਸੰਦ ਕਰਦੇ ਹਾਂ। ਇਹ ਪਸੰਦ-ਨਾਪਸੰਦ ਸਾਡਾ ਨਿੱਜੀ ਮਸਲਾ ਹੈ। ਇਵੇਂ ਹੀ ਅਗਲੇ ਵਿਅਕਤੀ ਦਾ ਵੀ ਨਿੱਜੀ ਮਸਲਾ ਹੈ ਕਿ ਉਹ ਤੁਹਾਡੇ ਪਿਆਰ ਅਤੇ ਵਿਸ਼ਵਾਸ਼ ‘ਤੇ ਖਰਾ ਉਤਰਦਾ ਹੈ ਕਿ ਨਹੀਂ ਜਾਂ ਤੁਸੀਂ ਉਸ ਦੇ ਪਿਆਰ ‘ਤੇ ਖਰੇ ਉਤਰਦੇ ਹੋ ਕਿ ਨਹੀਂ?

ਇਹ ਸਭ ਆਪੋ ਆਪਣੇ ਵਿਚਾਰ ਅਤੇ ਸਮਝ ਹੁੰਦੀ ਹੈ।ਇਸ ਲਈ ਕਿਸੇ ਨੂੰ ਮਜਬੂਰ ਨਹੀਂ ਕੀਤਾ ਜਾ ਸਕਦਾ। ਘਰਾਂ ਵਿੱਚ ਵੀ ਕਲੇਸ਼ ਲੈਣ ਦੇਣ ਕਰਕੇ ਹੀ ਹੁੰਦਾ ਹੈ। ਕਦੀ ਕੁਝ ਵਾਧੇ ਘਾਟੇ ਕਰਕੇ ਹੁੰਦਾ ਹੈ। ਆਪਣੇ ਮਨ ਨੂੰ ਸਮਝਾਉਣਾ ਪੈਂਦਾ ਹੈ। ਮਸਲੇ ਆਪੇ ਘੱਟ ਹੋ ਜਾਂਦੇ ਹਨ। ਜੇ ਮੈਂ ਇਹ ਸੋਚਾਂ ਕਿ ਅਗਲੇ ਨੇ ਆਪਣੇ ਕੰਮ ਕਰਨ ਸਮੇਂ ਮੈਨੂੰ ਪੁੱਛਿਆ ਤੱਕ ਨਹੀਂ। ਮੈਂ ਤਾਂ ਹਮੇਸ਼ਾ ਪੁੱਛ ਕੇ ਹੀ ਕੰਮ ਕਰਦੀ ਹਾਂ, ਇੰਝ ਕਰਨ ਨਾਲ ਮੈਂ ਆਪਣੀਆਂ ਪ੍ਰੇਸ਼ਾਨੀਆਂ ਆਪ ਵਧਾਵਾਂਗੀ। ਤੁਹਾਨੂੰ ਦੂਸਰੇ ਵਿਅਕਤੀ ਦੀ ਲੋੜ ਮਹਿਸੂਸ ਹੋਈ ਹੈ, ਜ਼ਰੂਰੀ ਨਹੀ ਕਿ ਅਗਲੇ ਇਨਸਾਨ ਨੂੰ ਵੀ ਤੁਹਾਡੀ ਹੀ ਲੋੜ ਮਹਿਸੂਸ ਹੋਵੇਗੀ। ਲੋੜਾਂ ਅਤੇ ਜ਼ਰੂਰਤਾਂ ਸਭ ਦੀਆਂ ਵੱਖੋ-ਵੱਖਰੀਆਂ ਹੁੰਦੀਆਂ ਹਨ।

ਤੁਸੀਂ ਰਿਸ਼ਤੇ ਖੁਸ਼ ਹੋ ਕੇ ਨਿਭਾਅ ਕੇ ਵੇਖੋ ਤਾਂ ਸਹੀ, ਰੂਹ ਵਿੱਚ ਖੇੜਾ ਆਵੇਗਾ। ਚਿਹਰੇ ਦੀ ਚਮਕ ਦੁਗਣੀ ਹੋ ਜਾਵੇਗੀ। ਵੈਰ ਵਿਰੋਧ ਮਿਟੇਗਾ। ਆਪਸੀ ਪਿਆਰ ਦੀਆਂ ਸਾਂਝਾਂ ਪੱਕੀਆਂ ਹੋਣਗੀਆਂ, ਦੁੱਖ ਅਤੇ ਮਾਨਸਿਕ ਪ੍ਰੇਸ਼ਾਨੀਆਂ ਘੱਟਣਗੀਆ। ਜ਼ਿੰਦਗੀ ਵਿਚ ਵਿਚਰਦਿਆਂ ਵਿਚਾਰਾਂ ਦਾ ਆਦਾਨ-ਪ੍ਰਦਾਨ ਵੀ ਹੁੰਦਾ ਹੈ। ਵਿਚਾਰ ਸਭ ਦੇ ਸੁਣੋ,ਪਰ ਮਰਜ਼ੀ ਆਪਣੀ ਹੀ ਕਰੋ।

ਜੋ ਤੁਹਾਨੂੰ ਚੰਗਾ ਲੱਗੇ ਉਹੀ ਕਰੋ। ਬਾਅਦ ਵਿੱਚ ਦੂਸਰਿਆਂ ਨੂੰ ਕਹਿੰਦੇ ਫਿਰਨਾ ਕਿ ਮੈਂ ਤੇਰੀ ਮੰਨ ਕੇ ਇਹ ਕੰਮ ਕੀਤਾ ਸੀ। ਇਸ ਤਰ੍ਹਾ ਝੂਰਨ ਦਾ ਕੋਈ ਫਾਇਦਾ ਨਹੀਂ ਹੁੰਦਾ। ਤੁਸੀਂ ਵੀ ਦੁਨੀਆਂ ਵਿੱਚ ਵਿਚਰ ਰਹੇ ਹੋ। ਆਪ ਵੀ ਕੋਸ਼ਸ਼ ਜਾਰੀ ਰੱਖੋ। ਕਿਸੇ ਦੂਸਰੇ ‘ਤੇ ਪੂਰੇ ਨਿਰਭਰ ਹੋਣ ਦੀ ਥਾਂ ‘ਤੇ ਆਪ ਵੀ ਸੁਚੇਤ ਰਹੋ।

## ਗੀਤ

ਛੱਡ ਮਾਣ ਜਵਾਨੀ ਦਾ ਬੰਦਿਆ ਚਾਰ ਦਿਨਾਂ ਦਾ ਮੇਲਾ
ਚੰਗੇ ਕਰਮ ਕਮਾ ਲਾ ਤੂੰ ਮੁੜਕੇ ਹੱਥ ਨਹੀਂ ਆਉਣਾ ਵੇਲਾ

ਵਿੱਚ ਜ਼ਗਤ ਦੇ ਆਇਓਂ ਤੂੰ ਕਰਕੇ ਨਾਲ ਮਾਲਿਕ ਦੇ ਵੈਦੇ
ਸੱਭ ਵਾਇਦੇ ਤੋੜ ਗੀਓਂ ਖਵਰੇ ਕਿਹੜੇ ਪੜ੍ਹ ਗਿਓਂ ਕੈਦੇ
ਲੱਖਾਂ ਦਾ ਬੰਦਾ ਸੈਂ, ਅੱਜ਼ ਮੁੱਲ ਪਿਆ ਨਾ ਧੇਲਾ
............ ਛੱਡ ਮਾਣ ਜਵਾਨੀ ਦਾ.............
ਦੁਨੀਆਂ ਵਿੱਚ ਭੇਜਿਆ ਸੀ ਰੱਬ ਨੇ ਆਪਣੀ ਸ਼ਕਲ ਬਣਾ ਕੇ
ਕਰਦੈਂ ਕੰਮ ਸ਼ੈਤਾਨਾਂ ਦੇ ਬੰਦਿਆ ਅਸਲੀ ਸ਼ਕਲ ਗਵਾ ਕੇ
ਫ਼ਿਰ ਬਹਿ ਪਛਤਾਉਣਾ ਤੂੰ ਜਦੋਂ ਹੱਥੋਂ ਨਿੱਕਲ ਗਿਆ ਵੇਲਾ
............ ਛੱਡ ਮਾਣ ਜਵਾਨੀ ਦਾ.............
ਖ਼ਾਲੀ ਹੱਥ ਆਇਓਂ ਤੂੰ ਇੱਥੋਂ ਖ਼ਾਲੀ ਹੀ ਤੁਰ ਜਾਣਾ
ਪੱਲੇ ਜਾਣੀ ਕੌਡੀ ਨਹੀਂ ਬੰਦਿਆ ਛੱਡ ਦੇ ਹਨੇਰ ਮਚਾਣਾ
ਸੱਭ ਮੌਤ ਨੇ ਲੈ ਜਾਣੇ “ਛਿੰਦਿਆ”, ਕੌਣ ਗੁਰੂ ਕੌਣ ਚੇਲਾ
.......... ਛੱਡ ਮਾਣ ਜਵਾਨੀ ਦਾ.............
ਸੁਣ ਬੁਰਜ਼ ਵਾਲਿਆ, ਓਏ, ਮਨ ਲੈ ਮਾਲਿਕ ਦਾ ਭਾਣਾ
ਤੇਰੀ ਫ਼ੋਕੀ ਸ਼ੋਹਰਤ ਦਾ ਇੱਕ ਦਿਨ ਟੁੱਟ ਜੂ ਤਾਂਣਾ
ਕਰ ਕਦਰ ਜ਼ਵਾਨੀ ਦੀ ਜਾਂਦਾ ਹੱਥੋਂ ਨਿੱਕਲ ਦਾ ਵੇਲਾ
.......... ਛੱਡ ਮਾਣ ਜ਼ਵਾਨੀ ਦਾ.............




ਵਰਲਡ ਪੰਜਾਬੀ ਟਾਈਮਜ਼
ਛਿੰਦਾ ਬੁਰਜ਼ ਵਾਲਾ

## || ਗੱਲ ਜਜ਼ਬਾਤਾ ਦੀ ||

ਰੂਹ ਮੇਰੀ ਦਾ ਤੂੰ ਇੱਕੋ ਇੱਕ ਗਹਿਣਾ।
ਵਗੈਰ ਤੇਰੇ ਮੇਰਾ ਕੁੱਝ ਵੀ ਨਾ ਰਹਿਣਾ।।

ਤੂੰ ਤੂੰ ਮੈਂ ਮੈਂ ਵਿੱਚ ਆਪਾਂ ਨਾ ਕਦੇ ਪੈਣਾ।
ਇੱਕ ਜਿੰਦ ਇੱਕ ਜਾਨ ਬਣ ਕੇ ਰਹਿਣਾ।।

ਬੁਰੀਆਂ ਨਜ਼ਰਾਂ ਤੋਂ ਬੱਚ ਕੇ ਚੱਲਣਾ ਪੈਣਾ।
ਰੀਝਾਂ ਚਾਵਾਂ ਨਾਲ ਰੂਹ ਨੂੰ ਸਿੰਜਣਾ ਪੈਣਾ।।

ਰੂਹ ਦੀ ਖ਼ੁਰਾਕ ਆਪਾਂ ਬਣ ਕੇ ਹੈ ਰਹਿਣਾ।
ਪਹਾੜ ਜਿਹਾ ਜਿਗਰਾ ਵੀ ਰੱਖਣਾ ਪੈਣਾ।।

ਘਿਓ ਸ਼ਕਰ ਵਾਂਗ ਘੁੱਲ ਮਿਲਕੇ ਰਹਿਣਾ।
ਫੁੱਲ ਗੁਲਾਬ ਵਾਂਗਰਾ ਮਹਿਕਦੇ ਰਹਿਣਾ।।

ਸੂਦ ਵਿਰਕ ਕਲਮ ਤੇਰੀ ਅਨਮੋਲ ਗਹਿਣਾ।
ਸ਼ਹਿਦ ਨਾਲੋਂ ਵੱਧ ਮਿੱਠੇ ਬਣ ਕੇ ਹੈ ਰਹਿਣਾ।।



ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸੂਦ ਵਿਰਕ

## ਅਲਵਿਦਾ ! ਸਿੱਖੀ ਸੋਚ ਨੂੰ ਪ੍ਰਣਾਈ ਕਵਿਤਰੀ ਗੁਰਦੇਵ ਕੌਰ ਖ਼ਾਲਸਾ ਯੂ.ਐਸ.ਏ.



ਵਰਲਡ ਪੰਜਾਬੀ ਟਾਈਮਜ਼
ਉਜਾਗਰ ਸਿੰਘ

ਜ਼ਿੰਦਗੀ ਜਦੋਜਹਿਦ ਦਾ ਦੂਜਾ ਨਾਮ ਹੈ। ਹਰ ਇਨਸਾਨ ਨੂੰ ਜ਼ਿੰਦਗੀ ਦੀਆਂ ਤਲਖ਼ ਸਚਾਈਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਹੜਾ ਇਨਸਾਨ ਸਮੱਸਿਆਵਾਂ ਤੇ ਕਾਬੂ ਪਾਉਣ ਵਿਚ ਸਫਲ ਹੋ ਜਾਂਦਾ ਹੈ, ਉਹ ਹਮੇਸ਼ਾ ਸੱਚ ਉਪਰ ਪਹਿਰਾ ਦੇਣ ਨੂੰ ਤਰਜੀਹ ਦਿੰਦਾ ਹੈ। ਬੀਬੀ ਗੁਰਦੇਵ ਕੌਰ ਖ਼ਾਲਸਾ ਯੂ.ਐਸ.ਏ. ਇੱਕ ਅਜਿਹੀ ਸ਼ਖ਼ਸ਼ੀਅਤ ਸੀ, ਜਿਹੜੀ ਆਪਣੀ ਹਿੰਮਤ ਅਤੇ ਹੌਸਲੇ ਨਾਲ ਗੁਰਬਤ ਦੀ ਜ਼ਿੰਦਗੀ ਨੂੰ ਵੀ ਸੁਖਾਲਾ ਬਣਾਉਣ ਵਿਚ ਸਫਲ ਹੋਈ। ਉਸ ਨੇ ਜ਼ਮੀਨੀ ਹਕੀਕਤਾਂ ਦਾ ਮੁਕਾਬਲਾ ਕਰਦਿਆਂ ਗੁਰਬਾਣੀ ਨੂੰ ਆਪਣਾ ਮਾਰਗ ਦਰਸ਼ਕ ਬਣਾਇਆ, ਜਿਸ ਦੇ ਨਾਲ ਉਸ ਨੇ ਸਬਰ ਤੇ ਸੰਤੋਖ਼ ਦਾ ਪੱਲਾ ਫੜਕੇ ਗ਼ਮੀ ਨੂੰ ਖ਼ੁਸ਼ੀ ਵਿਚ ਬਦਲਣ ਦੇ ਸਮਰੱਥ ਹੋਈ। ਉਸ ਦਾ ਜਨਮ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਢਕੋਵਾਲ ਵਿਖੇ ਰਾਮਗੜ੍ਹੀਆ ਗੁਰਸਿੱਖ ਅੰਮ੍ਰਿਤਧਾਰੀ ਪਰਿਵਾਰ ਵਿਚ ਹਰਨਾਮ ਸਿੰਘ ਅਤੇ ਮਾਤਾ ਹਰਬੰਸ ਕੌਰ ਦੇ ਘਰ ਹੋਇਆ। ਉਸ ਦਾ ਪਿਤਾ ਪਹਿਲਾਂ ਫ਼ੌਜ ਅਤੇ ਬਾਅਦ ਵਿਚ ਨੰਗਲ ਡੈਮ ਅਤੇ ਦੇਸ਼ ਦੇ ਬਹੁਤ ਸਾਰੇ ਰਾਜਾਂ ਵਿਚ ਸੇਵਾ ਕਰਦੇ ਰਹੇ ਸਨ। ਇਸ ਲਈ ਗੁਰਦੇਵ ਕੌਰ ਖ਼ਾਲਸਾ ਨੂੰ ਵੀ ਪਰਿਵਾਰ ਦੇ ਨਾਲ ਹੀ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਵਿਚ ਵਿਚਰਨ ਦਾ ਮੌਕਾ ਮਿਲਦਾ ਰਿਹਾ, ਜਿਸ ਕਰਕੇ ਉਸ ਦੀ ਜਾਣਕਾਰੀ ਵਿਚ ਕਾਫੀ ਵਾਧਾ ਹੋਇਆ। ਉਸ ਦੇ ਪੇਕਿਆਂ ਦਾ ਦਿਹਾਤੀ ਪਰਿਵਾਰ ਵਿਚੋਂ ਹੋਣ ਕਰਕੇ ਉਸ ਦੀ ਰੋਜ਼ਾਨਾ ਜ਼ਿੰਦਗੀ ਵਿਚ ਪੁਰਾਤਨ ਪਰੰਪਰਾਵਾਂ ਅਤੇ ਵਿਚਾਰਾਂ ਵਿਚ ਨੈਤਿਕਤਾ ਦਾ ਗਹਿਰਾ ਪ੍ਰਭਾਵ ਵਿਖਾਈ ਦਿੰਦਾ ਸੀ। ਉਹ ਮਿਡਲ ਤੋਂ ਬਾਅਦ ਪਰਿਵਾਰਿਕ ਮਜ਼ਬੂਰੀਆਂ ਅਤੇ ਜ਼ਿੰਮੇਵਾਰੀਆਂ ਕਰਕੇ ਆਪਣੀ ਪੜ੍ਹਾਈ ਜ਼ਾਰੀ ਨਾ ਰੱਖ ਸਕੀ। ਉਸ ਦਾ ਵਿਆਹ ਅੱਲ੍ਹੜ ਉਮਰ ਵਿਚ ਹੀ ਚੱਬੇਵਾਲ ਦੇ ਕੋਲ ਬਿਹਾਲਾ ਪਿੰਡ ਦੇ ਅਜੀਤ ਸਿੰਘ ਨਾਲ ਹੋ ਗਿਆ ਸੀ। ਗੁਰਦੇਵ ਕੌਰ ਖ਼ਾਲਸਾ ਦੇ ਤਿੰਨ ਧੀਆਂ ਅਤੇ ਇੱਕ ਲੜਕਾ ਪੈਦਾ ਹੋਇਆ, ਲੜਕਾ ਬਚਪਨ ਵਿਚ ਹੀ ਰੱਬ ਨੂੰ ਪਿਆਰਾ ਹੋ ਗਿਆ। ਉਦਾਸੀ ਦੇ ਆਲਮ ਵਿਚ ਉਸ ਨੇ ਜ਼ਿੰਦਗੀ ਬਸਰ ਕਰਨੀ ਸ਼ੁਰੂ ਕੀਤੀ ਪ੍ਰੰਤੂ ਜਲਦੀ ਹੀ ਗੁਰਬਾਣੀ ਦੇ ਲੜ ਲੱਗਣ ਕਰਕੇ ਵਾਹਿਗੁਰੂ ਦੀ ਰਜਾ ਵਿਚ ਰਹਿਣ ਨੂੰ ਪ੍ਰਵਾਨ ਕਰ ਲਿਆ। ਵਿਵਾਹਿਕ ਜ਼ਿੰਦਗੀ ਵਿੱਚ ਉਸ ਨੂੰ ਸਾਂਝੇ ਪਰਿਵਾਰ ਦੀਆਂ ਖ਼ੁਸ਼ੀਆਂ- ਗ਼ਮੀਆਂ ਅਤੇ ਦੁੱਖ-ਸੁੱਖ ਸਹਿਣ ਕਰਨ ਦਾ ਗਹਿਰਾ ਤਜ਼ਰਬਾ ਪ੍ਰਾਪਤ ਹੋਇਆ, ਜਿਹੜਾ ਹਰ ਪੰਜਾਬੀ ਪਰਿਵਾਰ ਦੀ ਵਿਰਾਸਤ ਦੀ ਤਰ੍ਹਾਂ ਬਣ ਜਾਂਦਾ ਹੈ। ਜ਼ਿੰਦਗੀ ਦੇ ਅਜਿਹੇ ਕੌੜੇ-ਮਿੱਠੇ ਤਜ਼ਰਬੇ ਹੀ ਇਨਸਾਨ ਨੂੰ ਸਮਾਜ ਵਿੱਚ ਅਜਿਹਾ ਕੁਝ ਕਰਨ ਲਈ ਪ੍ਰੇਰਦੇ ਹਨ, ਜਿਸ ਨਾਲ ਉਹ ਉਸਾਰੂ ਸੋਚ ਅਪਣਾ ਕੇ ਕਾਬਲੇ ਤਾਰੀਫ ਯੋਗਦਾਨ ਪਾਉਣ ਦੇ ਸਮਰੱਥ ਹੁੰਦਾ ਹੈ। ਫਿਰ ਇਨਸਾਨ ਨੂੰ ਉਸ ਦੀ ਜ਼ਿੰਦਗੀ ਨੂੰ ਜ਼ੋਖ਼ਮ ਵਿੱਚ ਪਾਉਣ ਵਾਲੇ ਲੋਕਾਂ ਦੇ ਕਿਰਦਾਰਾਂ ਨੂੰ ਨਾ ਚਾਹੁੰਦਿਆਂ ਵੀ ਬਰਦਾਸ਼ਤ ਕਰਨ ਦੀ ਸ਼ਕਤੀ ਮਿਲ ਜਾਂਦੀ ਹੈ। ਅਜਿਹੇ ਹਾਲਾਤ ਉਸ ਨੂੰ ਚੰਗੇ ਰਸਤੇ ਪਾਉਣ ਦਾ ਕਾਰਨ ਬਣਦੇ ਹਨ। ਪਰਿਵਾਰ ਦੀਆਂ ਇਨ੍ਹਾਂ ਦਿਲ ਨੂੰ ਹਲੂਣਨ ਵਾਲੀਆਂ ਪ੍ਰਸਥਿਤੀਆਂ ਨੇ ਗੁਰਦੇਵ ਕੌਰ ਖਾਲਸਾ ਨੂੰ ਕਵਿਤਾਵਾਂ ਲਿਖਣ ਲਈ ਪ੍ਰੇਰਿਤ ਕੀਤਾ, ਉਨ੍ਹਾਂ ਹਾਲਾਤਾਂ ਨੂੰ ਹੀ ਉਸ ਨੇ ਆਪਣੀਆਂ ਕਵਿਤਾਵਾਂ ਦਾ ਵਿਸ਼ਾ ਬਣਾਇਆ ਸੀ। ਪਰਿਵਾਰ ਵਿੱਚੋਂ ਸੱਸ-ਸਹੁਰੇ ਵੱਲੋਂ ਦੁੱਖ ਦੇ ਸੰਤਾਪ ਮੌਕੇ ਸਹਿਯੋਗ ਵੀ ਬਥੇਰਾ ਮਿਲਿਆ।

ਬੀਬੀ ਗੁਰਦੇਵ ਕੌਰ ਖ਼ਾਲਸਾ ਸਿੱਖੀ ਸੋਚ ਨੂੰ ਪ੍ਰਣਾਈ ਹੋਈ ਕਵਿਤਰੀ ਸੀ। ਸਿੱਖੀ ਦੇ ਮਾਹੌਲ ਅਤੇ ਵਾਤਵਰਨ ਵਿਚ ਜੰਮੀ ਪਲੀ ਅਤੇ ਪ੍ਰਪੱਕ ਹੋਣ ਕਰਕੇ ਉਹ ਸਿੱਖ ਇਤਿਹਾਸ ਦੀ ਭਰਪੂਰ ਜਾਣਕਾਰੀ ਰੱਖਦੀ ਸੀ। ਇਸ ਕਰਕੇ ਉਹ ਸਿੱਖੀ ਸੰਕਲਪ, ਵਿਚਾਰਧਾਰਾ, ਪਰੰਪਰਾਵਾਂ ਅਤੇ ਸਿਧਾਂਤਾਂ ਤੇ ਪਹਿਰਾ ਦੇਣ ਵਾਲੀਆਂ ਕਵਿਤਾਵਾਂ ਲਿਖਦੀ ਸੀ, ਜਿਹੜੀਆਂ ਸਿੱਖ ਧਰਮ ਦੇ ਅਨੁਆਈਆਂ ਨੂੰ ਸੋਚਣ ਲਈ ਮਜ਼ਬੂਰ ਕਰ ਦਿੰਦੀਆਂ ਹਨ। ਉਸ ਦੀਆਂ ਕਵਿਤਾਵਾਂ ਖਾਸ ਤੌਰ ‘ਤੇ ਸਿੱਖੀ ਸੋਚ ਨੂੰ ਤਿਆਗ ਕੇ ਡੇਰਿਆਂ ਦੇ ਮਗਰ ਲੱਗਣ ਵਾਲੇ ਸਿੱਖਾਂ ਨੂੰ ਹਲੂਣਨ ਵਾਲੀਆਂ ਹਨ ਤਾਂ ਜੋ ਧਰਮ ਦੇ ਨਾਂ ਤੇ ਸਥਾਪਤ ਕੀਤੀਆਂ ਦੁਕਾਨਦਾਰੀਆਂ ਲੋਕਾਂ ਨੂੰ ਗੁਮਰਾਹ ਕਰਨ ਵਿਚ ਸਫਲ ਨਾ ਹੋ ਸਕਣ। ਇਸ ਤੋਂ ਇਲਾਵਾ ਉਨ੍ਹਾਂ ਲੋਕ ਮਸਲਿਆਂ ਨਾਲ ਸੰਬੰਧਤ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ, ਜਿਹੜੀਆਂ ਧਾਰਮਿਕ ਸਟੇਜਾਂ ਖਾਸ ਤੌਰ ਸਿੱਖ ਸਿਧਾਂਤਾਂ ਨਾਲ ਸੰਬੰਧਤ ਤਿਥ ਤਿਓਹਾਰਾਂ ਦਾ ਸ਼ਿੰਗਾਰ ਬਣਨ ਲੱਗੀਆਂ। ਉਸ ਦੀਆਂ ਕਵਿਤਾਵਾਂ ਵਿਚੋਂ ਆਪ ਮੁਹਾਰੇ ਸ਼ੂਕਦੇ ਦਰਿਆ ਦੀਆਂ ਲਹਿਰਾਂ ਦੀ ਤਰ੍ਹਾਂ ਮਨ ਦੀਆਂ ਤਰੰਗਾਂ ਉਠਦੀਆਂ ਹੋਈਆਂ ਸਰਸਰਾਹਟ ਪੈਦਾ ਕਰਦੀਆਂ ਹਨ ਅਤੇ ਸਮਾਜਿਕ ਦਰਦ ਦੇ ਵਿਛੋੜੇ ਦਾ ਪ੍ਰਗਟਾਵਾ ਵੀ ਕਰਦੀਆਂ ਹਨ। ਅਜਿਹੇ ਹਾਲਾਤ ਦਾ ਸਾਹਮਣਾ ਕਰਦਿਆਂ ਹੀ ਉਸ ਦੀ ਕਲਪਨਾ ਨੇ ਕਵਿਤਾ ਦਾ ਰੂਪ ਧਾਰਨ ਕਰ ਲਿਆ ਸੀ। ਸ਼ੁਰੂ ਵਿਚ ਉਹ ਆਪਣੀਆਂ ਕਵਿਤਾਵਾਂ ਪਰਿਵਾਰ ਤੋਂ ਛੁਪਾ ਕੇ ਰੱਖਦੀ ਰਹੀ ਅਤੇ ਆਪਣਾ ਦੁੱਖ ਵੀ ਉਸ ਸਮੇਂ ਜ਼ਾਹਰ ਨਾ ਕਰ ਸਕਦੀ, ਕਿਉਂਕਿ ਉਹ ਜ਼ਮਾਨਾ ਇਸਤਰੀਆਂ ਦੀ ਗ਼ੁਲਾਮੀ ਦਾ ਸੀ ਜਾਂ ਇਉਂ ਕਹਿ ਲਵੋ ਸ਼ਿਸ਼ਟਾਚਾਰ ਕਰਕੇ ਸਾਂਝੇ ਪਰਿਵਾਰਾਂ ਵਿਚ ਆਪਣੀਆਂ ਭਾਵਨਾਵਾਂ ਦਾ ਇਸਤਰੀਆਂ ਪ੍ਰਗਟਾਵਾ ਕਰਨ ਤੋਂ ਝਿਜਕਦੀਆਂ ਰਹਿੰਦੀਆਂ ਸਨ। ਬੀਬੀ ਖਾਲਸਾ ਸੰਤਾਪ ਦੀ ਪੀੜਾ ਨੂੰ ਅੰਦਰੋ ਅੰਦਰ ਰੱਖ ਕੇ ਕੁੜ੍ਹਦੀ ਰਹਿੰਦੀ ਸੀ। ਸੱਸ-ਸਹੁਰੇ ਦੀ ਆਸ਼ੀਰਵਾਦ ਵੀ ਕਵਿਤਾਵਾਂ ਵਿਚੋਂ ਝਲਕਦੀ ਹੈ। ਗੁਰਦੇਵ ਕੌਰ ਖਾਲਸਾ ਦੀਆਂ ਕਵਿਤਾਵਾਂ ਦੀ ਕਮਾਲ ਇਹ ਸੀ ਕਿ ਉਹ ਸਮਾਜ ਵਿਚ ਵਾਪਰ ਰਹੀਆਂ ਸਮਾਜਿਕ, ਮਾਨਸਿਕ ਅਤੇ ਭਾਵਨਾਤਮਿਕ ਜ਼ਿਆਦਤੀਆਂ ਨੂੰ ਵੀ ਰੋਮਾਂਟਿਕ ਢੰਗ ਨਾਲ ਪ੍ਰਗਟਾਉਣ ਦੀ ਥਾਂ ਗੁਰਮਤਿ ਦੀ ਚਾਸ਼ਣੀ ਵਿਚ ਡੋਬ ਕੇ ਗੁਰਬਾਣੀ ਦੀ ਓਟ ਲੈਂਦੀ ਹੋਈ, ਉਸ ਪਰਮ ਪਰਮਾਤਮਾ ਅੱਗੇ ਅਜਿਹੀਆਂ ਪੀੜਾਂ ਅਤੇ ਦੁੱਖਾਂ -ਕਲੇਸ਼ਾਂ ਦਾ ਮੁਕਾਬਲਾ ਕਰਨ ਦੀ ਹਿੰਮਤ ਮੰਗਣ ਵਾਲੀਆਂ ਕਵਿਤਾਵਾਂ ਲਿਖਦੀ ਰਹੀ। 18 ਸਾਲ ਦੀ ਉਮਰ ਤੋਂ ਲਿਖਣਾ ਸ਼ੁਰੂ ਕਰਕੇ 80 ਸਾਲ ਦੀ ਉਮਰ ਤੱਕ ਲਗਾਤਾਰ ਧਾਰਮਿਕ ਰੰਗਤ ਵਾਲੀਆਂ ਕਵਿਤਾਵਾਂ ਲਿਖਦੀ ਆ ਰਹੀ ਸੀ। ਉਹ ਮਹਿਸੂਸ ਕਰਦੀ ਸੀ ਕਿ ਗੁਰਬਾਣੀ ਇਕੱਲਤਾ ਦਾ ਸਹਾਰਾ ਹੈ, ਇਸ ਲਈ ਨਾਮ ਜਪਕੇ ਜ਼ਿੰਦਗੀ ਖ਼ੁਸ਼ੀ-ਖ਼ੁਸ਼ੀ ਜਿਓਣੀ ਚਾਹੀਦੀ ਹੈ ਕਿਉਂਕਿ ਇਨਸਾਨੀ ਜੀਵਨ ਇੱਕ ਵਾਰ ਹੀ ਮਿਲਦਾ ਹੈ। ਇਸਦਾ ਆਨੰਦ ਮਾਨਣਾ ਚਾਹੀਦਾ ਹੈ, ਝੁਰ-ਝੁਰ ਕੇ ਜੀਵਨ ਜਿਓਣ ਦੀ ਲੋੜ ਨਹੀਂ। ਆਪਣੀ ਸੋਚ ਉਸਾਰੂ ਰੱਖਣੀ ਚਾਹੀਦੀ ਹੈ ਤਾਂ ਹੀ ਇਨਸਾਨ ਸਿਰਜਣਾਤਮਕ ਕੰਮ ਕਰ ਸਕਦਾ ਹੈ। ਧਾਰਮਿਕ ਕਵਿਤਾਵਾਂ ਲਿਖਣਾ ਵੀ ਉਸਾਰੂ ਕੰਮ ਹੈ, ਜਿਸ ਨਾਲ ਦੁਨੀਆਂ ਨੂੰ ਸਿੱਧੇ ਰਸਤੇ ਪਾਇਆ ਜਾ ਸਕਦਾ ਹੈ। ਇਨਸਾਨ ਦੀ ਸੋਚ ਨਾਕਾਰਾਤਮਿਕ ਨਹੀਂ ਹੋਣੀ ਚਾਹੀਦੀ। ਸੱਚ ਦਾ ਮਾਰਗ ਸਫਲਤਾ ਦੀ ਕੁੰਜੀ ਹੈ। ਇੱਕ ਝੂਠ ਨੂੰ ਛੁਪਾਉਣ ਲਈ ਅਨੇਕ ਵਾਰ ਝੂਠ ਦਾ ਸਹਾਰਾ ਲੈਣਾ ਪੈਂਦਾ ਹੈ। ਇਨਸਾਨ ਨੂੰ ਗੁਰੂ ਦੇ ਲੜ ਲੱਗਣ ਨਾਲ ਚੜ੍ਹਦੀ ਕਲਾ ਵਿਚ ਰਹਿਣ ਦੀ ਸ਼ਕਤੀ ਮਿਲਦੀ ਹੈ। ਇਨ੍ਹਾਂ ਕਵਿਤਾਵਾਂ ਨੂੰ ਉਹ ਅਮਰੀਕਾ ਦੇ ਗੁਰਦੁਆਰਾ ਸਾਹਿਬਾਨ ਦੀਆਂ ਸਟੇਜਾਂ ਅਤੇ ਰੇਡੀਓਜ਼ ਤੋਂ ਪੜ੍ਹਦੀ ਆ ਰਹੀ ਸੀ।

ਉਸ ਦੀਆਂ ਧੀਆਂ ਸੁਖਵਿੰਦਰ ਕੌਰ ਚਾਨਾ ਅਤੇ ਪਰਵਿੰਦਰ ਕੌਰ, ਉਸ ਦੀ ਜ਼ਿੰਦਗੀ ਵਿਚ ਸਹਾਈ ਹੋ ਰਹੀਆਂ ਸਨ। ਉਸ ਦੀ ਧੀ ਸੁਖਵਿੰਦਰ ਕੌਰ ਚਾਨਾ ਅਤਿ ਮੁਸ਼ਕਲ ਪਰਿਵਾਰਿਕ ਦਰਦ ਦੀ ਚੀਸ ਨੂੰ ਮਹਿਸੂਸ ਕਰਦੀ ਹੋਈ, 25 ਸਾਲ ਪਹਿਲਾਂ ਆਪਣੀ ਮਾਂ ਨੂੰ ਅਮਰੀਕਾ ਲੈ ਗਈ ਸੀ। ਸੁਖਵਿੰਦਰ ਕੌਰ ਚਾਨਾ ਨੇ ਗੁਰਦੇਵ ਕੌਰ ਖਾਲਸਾ ਦੇ ਸਾਰੇ ਦੁੱਖ ਪੁੱਤਰ ਤੋਂ ਵੀ ਵੱਧ ਪਿਆਰ, ਸਤਿਕਾਰ ਅਤੇ ਸੇਵਾ ਕਰਕੇ ਦੂਰ ਕੀਤੇ। ਉਸ ਦੀ ਹਰ ਖਾਹਸ਼ ਪੂਰੀ ਕੀਤੀ। ਹੁਣ ਉਸ ਲਈ ਆਧੁਨਿਕ ਸਹੂਲਤਾਂ ਵਾਲੀ ਕੋਠੀ ਹੁਸ਼ਿਆਰਪੁਰ ਵਿਖੇ ਖ੍ਰੀਦ ਕੇ ਦਿੱਤੀ ਸੀ, ਪ੍ਰੰਤੂ ਪਰਮਾਤਮਾ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਉਹ ਇਸ ਕੋਠੀ ਵਿੱਚ ਰਹਿਣ ਦਾ ਆਨੰਦ ਸਿਰਫ 6 ਮਹੀਨੇ ਹੀ ਮਾਣ ਸਕੀ। ਭਾਵੇਂ ਉਹ ਕਾਫੀ ਸਮਾਂ ਅਮਰੀਕਾ ਵਿਚ ਕੈਲੇਫੋਰਨੀਆ ਰਾਜ ਦੇ ਬੇਅ ਏਰੀਆ ਵਿਚ ਸਨੀਵੇਲ ਸ਼ਹਿਰ ਵਿਚ ਆਪਣੀ ਧੀ ਦੇ ਪਰਿਵਾਰ ਨਾਲ ਰਹੀ। ਪ੍ਰੰਤੂ ਪੰਜਾਬ ਦੀ ਜਨਮ ਤੇ ਕਰਮ ਭੂਮੀ ਦੀ ਮਿੱਟੀ ਦਾ ਮੋਹ ਉਸ ਨੂੰ ਪੰਜਾਬ ਖਿੱਚ ਲਿਆਉਂਦਾ ਰਿਹਾ। ਪਿਛਲੇ 6 ਮਹੀਨੇ ਤੋਂ ਉਹ ਹੁਸ਼ਿਆਰਪੁਰ ਵਿਖੇ ਰਹਿ ਰਹੀ ਸੀ। ਉਸ ਦੀ ਸਿਹਤ ਵੀ ਨਾਸਾਜ਼ ਚਲ ਰਹੀ ਸੀ। ਸੁਖਵਿੰਦਰ ਕੌਰ ਚਾਨਾ ਆਪਣੀ ਮਾਂ ਦੀ ਮਿਜ਼ਾਜ਼ਪੁਰਸ਼ੀ ਲਈ ਅਮਰੀਕਾ ਤੋਂ ਆਈ ਸੀ ਪ੍ਰੰਤੂ ਉਸ ਦੇ ਵਾਪਸ ਅਮਰੀਕਾ ਜਾਣ ਤੋਂ ਬਾਅਦ ਬੀਬੀ ਗੁਰਦੇਵ ਕੌਰ ਖਾਲਸਾ 11 ਅਪ੍ਰੈਲ 2024 ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਸਵਰਗ ਸਿਧਾਰ ਗਏ ਹਨ। ਸਵਰਗਵਾਸ ਹੋਣ ਤੋਂ ਥੋੜ੍ਹਾ ਸਮਾਂ ਪਹਿਲਾਂ ਹੀ ਉਸ ਦਾ ਕਾਵਿ ਸੰਗ੍ਰਹਿ ‘ਮੇਰੇ ਬੁਲੰਦ ਸੁਨੇਹੇ’ ਪ੍ਰਕਾਸ਼ਤ ਹੋਇਆ ਹੈ।

ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡਪਾਠ ਦਾ ਭੋਗ ਅਤੇ ਕੀਰਤਨ 21 ਅਪ੍ਰੈਲ 2024 ਦਿਨ ਐਤਵਾਰ ਨੂੰ ਕਲਗੀਧਰ ਗੁਰਦੁਆਰਾ ਸਾਹਿਬ ਹੁਸ਼ਿਆਰਪੁਰ ਵਿਖੇ 11.30 ਤੋਂ 1.00 ਵਜੇ ਤੱਕ ਹੋਵੇਗਾ।

ਤਸਵੀਰ: ਗੁਰਦੇਵ ਕੌਰ ਖਾਲਸਾ